Roll No. ........................ Total Pages : 4

# 10717/NH

**C-2110**

**PUNJABI SAHIT (Elective)**

Semester–V

Time Allowed : 3 Hours] [Maximum Marks : 75

**ਭਾਗ—ੳ**

1. 'ਜਗਤ ਮਹਿ ਝੂਠੀ ਦੇਖੀ ਪ੍ਰੀਤਿ' ਜਾਂ 'ਜਲ ਕੀ ਭੀਤਿ ਪਵਨ ਦਾ ਥੰਭਾ' ਦਾ ਵਿਸ਼ਾ ਵਸਤੂ ਲਿਖੋ।

ਜਾਂ

'ਸ਼੍ਰੀ ਗੁਰੂ ਅਰਜਨ ਦੇਵ ਜੀ' ਜਾਂ 'ਦਮੋਦਰ' ਦੇ ਜੀਵਨ ਤੇ ਕਾਵਿ ਕਲਾ ਬਾਰੇ ਲਿਖੋ। 11

2. ਕਿਸੇ ਇੱਕ ਕਾਵਿ-ਟੁਕੜੀ ਦੀ ਸਾਹਿਤਕ ਪਰਖ ਕਰੋ-



ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ
ਭਵਜਲ ਵਿੱਚੋਂ ਕਢਿਕੈ ਮੁਕਤਿ ਪਦਾਰਥ ਮਾਹਿ ਸਮਾਇਆ
ਜਨਮ ਮਰਣ ਭਉ ਕੁਟਿਆ ਸੰਸਾ ਰੋਗ ਵਿਯੋਗ ਮਿਟਾਇਆ
ਸੰਸਾ ਇਹੁ ਸੰਸਾਰ ਹੈ ਜਨਮ ਮਰਣ ਵਿੱਚ ਦੁਖ ਸਬਾਇਆ।

ਜਾਂ

ਘਰ ਚੂਚਕ ਦੇ ਬੇਟੀ ਜੰਮੀ, ਹੋਈਆ ਜੱਗ ਵਧਾਈਆ
ਨ੍ਹਾਤੀ ਧੋਤੀ ਪੱਟ ਵਲ੍ਹੇਟੀ, ਕੁੱਛੜ ਕੀਤੀ ਦਾਈਆ।
ਦੋ ਵਰ੍ਹਿਆ ਦੀ ਛੋਹਿਰ ਹੋਈ, ਢੁੱਕ ਰਹੀਆਂ ਕੁੜਮਾਈਆਂ
ਚਉ ਵਰ੍ਹਿਆਂ ਦੀ ਛੋਹਿਰ ਹੋਈ, ਗੱਲਾਂ ਕਰੇ ਸਚਿਆਈਆਂ
ਛੇਆਂ ਵਰ੍ਹਿਆਂ ਦੀ ਛੋਹਿਰ ਹੋਈ, ਲੱਗੀ ਕਰਨ ਭਲਿਆਈਆਂ
ਅੱਠਾਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਦਰ-ਦਰ ਕੂਕਾਂ ਪਾਈਆਂ।

11

3. ਨਾਟਕ ਦੇ ਤੱਤਾਂ ਦਾ ਉਲੇਖ ਕਰੋ। 11

ਜਾਂ

ਨਾਟਕ ਅਤੇ ਰੰਗ-ਮੰਚ ਦਾ ਆਪਸ ਵਿੱਚ ਕੀ ਸੰਬੰਧ ਹੈ?

4. 'ਝਨਾਂ ਦੇ ਪਾਣੀ' ਨਾਟਕ ਦਾ ਵਿਸ਼ਾ-ਵਸਤੂ ਲਿਖੋ।

ਜਾਂ

'ਝਨਾਂ ਦੇ ਪਾਣੀ' ਨਾਟਕ ਦੀ ਰੰਗਮੰਚ ਅਨੁਕੂਲਤਾ ਦੀ ਪਰਖ ਕਰੋ। 12

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ:-

1. ਸ਼ੇਖ ਫ਼ਰੀਦ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
2. ਭਾਈ ਗੁਰਦਾਸ ਜੀ ਦੀ ਰਚਨਾ ਵਿੱਚ 'ਗੁਰਦੇਵ' ਕਿਸ ਨੂੰ ਕਿਹਾ ਗਿਆ ਹੈ?
3. 'ਰਾਂਝੇ ਦੇ ਜੋਗ ਲੈਣ ਜਾਣਾ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਪੰਜਾਬੀ ਕਾਵਿ ਸੰਗ੍ਰਹਿ' ਵਿੱਚ ਕਿਹੜੇ-ਕਿਹੜੇ ਸੂਫ਼ੀਆਂ ਦੀ ਕਵਿਤਾ ਦਰਜ ਹੈ?
5. ਸ਼ੇਖ ਫ਼ਰੀਦ ਜੀ ਨੇ ਮਨੁੱਖੀ ਸਰੀਰ ਦੀ ਨਾਸ਼ਮਾਣਤਾ ਬਾਰੇ ਕੀ ਕਿਹਾ ਹੈ?
6. ਸ਼ੇਖ ਫ਼ਰੀਦ ਜੀ ਦੀਆਂ ਦੋ ਰਚਨਾਵਾਂ ਦੇ ਨਾਮ ਲਿਖੋ।



7. ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਵਿਸ਼ਾ ਕੀ ਹੈ?
8. 'ਝਨਾਂ ਦੇ ਪਾਣੀ' ਨਾਟਕ ਦੇ ਪਾਤਰਾਂ ਦੇ ਨਾਮ ਲਿਖੋ।
9. 'ਝਨਾਂ ਦੇ ਪਾਣੀ' ਨਾਟਕ ਦੇ ਕਿੰਨੇ ਐਕਟ ਹਨ?
10. ਭੰਤੀ ਨੇ ਗੰਗਾ ਨੂੰ ਕਿਉਂ ਖਰੀਦਿਆ ਸੀ ਤੇ ਫਿਰ ਕਿਉਂ ਵੇਚਿਆ?
11. ਰੰਗ-ਮੰਚ ਬਾਰੇ ਆਪਣੇ ਸੰਖੇਪ ਵਿਚ ਵਿਚਾਰ ਲਿਖੋ।
12. 'ਜੱਗਾ-ਜੁਗਤੀ' ਬਾਰੇ ਸੰਖੇਪ ਵਿੱਚ ਦੱਸੋ?
13. ਨਾਟਕ ਦੇ ਮੂਲ ਤੱਤਾਂ ਦਾ ਉਲੇਖ ਕਰੋ।
14. ਨਾਟਕ ਦੇ ਉਦੇਸ਼ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ?
15. ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਕਿਸ ਗੁਰੂ ਨਾਲ ਸਬੰਧਿਤ ਹੈ? 15×2=30